ਜੋ ਚੀਜ਼ ਤੁਹਾਨੂੰ ਸ਼ੱਕ ਵਿੱਚ ਪਾਵੇ, ਉਸ ਨੂੰ ਛੱਡ ਕੇ ਉਹ ਚੁਣੋ, ਜੋ ਸ਼ੱਕ ਵਿੱਚ ਨਾ ਪਾਵੇ। ਕਿਉਂਕਿ ਸੱਚ ਸਕੂਨ ਹੈ, ਅਤੇ ਝੂਠ ਸ਼ੱਕ ਤੇ ਆਸ਼ੰਕਾ ਹੈ।

ਅਬੁਲ ਹੌਰਾ ਸਾਅਦੀ ਰਹਿਮਾਹੁੱਲਾਹ ਕਹਿੰਦੇ ਹਨ: ਮੈਂ ਹਸਨ ਬਿਨ ਅਲੀ ਰਜ਼ੀਅੱਲਾਹੁ ਅਨਹੁਮਾ ਤੋਂ
ਪੁੱਛਿਆ: ਤੁਸੀਂ ਅੱਲਾਹ ਦੇ ਰਸੂਲ صلى الله عليه وسلم ਤੋਂ ਕੀ ਯਾਦ ਕੀਤਾ ਹੈ? ਉਨ੍ਹਾਂ ਨੇ ਕਿਹਾ: ਮੈਂ ਅੱਲਾਹ ਦੇ ਰਸੂਲ
صلى الله عليه وسلم ਤੋਂ ਇਹ ਯਾਦ ਕੀਤਾ ਹੈ: "ਜੋ ਚੀਜ਼ ਤੁਹਾਨੂੰ ਸ਼ੱਕ ਵਿੱਚ ਪਾਵੇ, ਉਸ ਨੂੰ ਛੱਡ ਕੇ ਉਹ ਚੁਣੋ, ਜੋ ਸ਼ੱਕ ਵਿੱਚ ਨਾ ਪਾਵੇ। ਕਿਉਂਕਿ ਸੱਚ ਸਕੂਨ ਹੈ, ਅਤੇ ਝੂਠ ਸ਼ੱਕ ਤੇ ਆਸ਼ੰਕਾ ਹੈ।" [صحيح] [رواه الترمذي والنسائي وأحمد]

ਅੱਲਾਹ ਦੇ ਨਬੀ صلى الله عليه وسلم ਨੇ ਅਜਿਹੇ ਕਰਮਾਂ ਤੇ ਸ਼ਬਦਾਂ ਤੋਂ ਦੂਰ ਰਹਿਣ ਦਾ ਹੁਕਮ ਦਿੱਤਾ ਹੈ, ਜਿਨ੍ਹਾਂ ਬਾਰੇ ਇਹ ਸ਼ੱਕ ਪੈਦਾ ਹੋਵੇ ਕਿ ਇਹ ਮਨਾਹ ਹਨ ਜਾਂ ਨਹੀਂ? ਹਲਾਲ ਹਨ ਜਾਂ ਹਰਾਮ? ਬੰਦੇ ਨੂੰ ਅਜਿਹੀਆਂ ਚੀਜ਼ਾਂ ਅਪਣਾਉਣੀਆਂ ਚਾਹੀਦੀਆਂ ਹਨ, ਜਿਨ੍ਹਾਂ ਦੇ ਚੰਗੇ ਅਤੇ ਹਲਾਲ ਹੋਣ 'ਤੇ ਪੱਕਾ ਯਕੀਨ ਹੋਵੇ। ਕਿਉਂਕਿ ਉਨ੍ਹਾਂ ਨਾਲ ਬੰਦੇ ਦਾ ਮਨ ਸੰਤੁਸ਼ਟ ਰਹਿੰਦਾ ਹੈ। ਜਦੋਂ ਕਿ ਸ਼ੱਕ ਵਾਲੀਆਂ ਚੀਜ਼ਾਂ ਬੰਦੇ ਦੇ ਮਨ ਨੂੰ ਬੇਚੈਨ ਅਤੇ ਪਰੇਸ਼ਾਨ ਰੱਖਦੀਆਂ ਹਨ।

https://www.sunnah.global/hadeeth/pa/show/4564